# ਬ੍ਰੈਂਪਟਨ ਵਿੱਚ ਰਿਮੈਂਬਰੈਂਸ ਡੇ 2019

ਬ੍ਰੈਂਪਟਨ, ਓਨਟੈਰੀਓ (30 ਅਕਤੂਬਰ, 2019) – ਇਸ ਸਾਲ, ਰਿਮੈਂਬਰੈਂਸ ਡੇ (Remembrance Day), ਸੋਮਵਾਰ, 11 ਨਵੰਬਰ ਨੂੰ ਮਨਾਇਆ ਜਾਵੇਗਾ। ਇਸਦੇ ਨਤੀਜੇ ਵਜੋਂ, ਕਈ ਸਿਟੀ ਸੇਵਾਵਾਂ ਉਪਲਬਧ ਨਹੀਂ ਰਹਿਣਗੀਆਂ ਜਾਂ ਘਟਾਏ ਗਏ ਸੇਵਾ ਪੱਧਰਾਂ ਦੇ ਹੇਠ ਕੰਮ ਕਰਨਗੀਆਂ।

ਬ੍ਰੈਂਪਟਨ ਸਿਟੀ ਹਾਲ (City Hall) 11 ਨਵੰਬਰ ਨੂੰ ਬੰਦ ਰਹੇਗਾ। ਨਿਵਾਸੀ ਇਸ ਸਮੇਂ ਦੌਰਾਨ ਵਿਅਕਤੀਗਤ ਤੌਰ ਤੇ ਵਿਆਹ ਦੇ ਲਾਇਸੈਂਸਾਂ ਲਈ ਦਰਖਾਸਤ ਨਹੀਂ ਦੇ ਸਕਣਗੇ, ਸਿਵਿਲ ਵੈਡਿੰਗ ਸਮਾਰੋਹਾਂ ਲਈ ਬੁਕਿੰਗ ਨਹੀਂ ਕਰ ਸਕਣਗੇ, ਪਾਰਕਿੰਗ ਦੇ ਜੁਰਮਾਨੇ ਨਹੀਂ ਦੇ ਸਕਣਗੇ, ਪਰਮਿਟਾਂ ਲਈ ਦਰਖਾਸਤ ਨਹੀਂ ਦੇ ਸਕਣਗੇ, ਜਾਂ ਬਿਜਨੇਸ ਲਾਇਸੈਂਸ ਲੈਣ ਜਾਂ ਨਵਿਆਉਣ ਲਈ ਦਰਖਾਸਤ ਨਹੀਂ ਦੇ ਸਕਣਗੇ।

ਕਈ ਸੇਵਾਵਾਂ ਸਧਾਰਨ ਢੰਗ ਨਾਲ ਕੰਮ ਕਰਨਾ ਜਾਰੀ ਰੱਖਣਗੀਆਂ, ਜਿਹਨਾਂ ਵਿੱਚ ਸ਼ਾਮਲ ਹਨ, ਫਾਇਰ ਐਂਡ ਐਮਰਜੈਂਸੀ ਸਰਵਿਸਿਜ਼ (Fire and Emergency Services) ਅਤੇ ਸਿਟੀ ਆਫ ਬ੍ਰੈਂਪਟਨ ਬਾਇ-ਲਾਅ ਐਨਫੋਰਸਮੈਂਟ (City of Brampton By-law Enforcement)।

ਨਿਵਾਸੀ ਕਿਸੇ ਵੀ ਪੁੱਛਗਿੱਛ ਲਈ 311 ਤੇ ਜਾਂ 905.874.2000 (ਬ੍ਰੈਂਪਟਨ ਦੇ ਬਾਹਰੋਂ) ਫੋਨ ਕਰ ਸਕਦੇ ਹਨ ਜਾਂ 311@brampton.ca ਤੇ ਈਮੇਲ ਕਰ ਸਕਦੇ ਹਨ। ਅਸੀਂ ਸਿਟੀ ਆਫ ਬ੍ਰੈਂਪਟਨ ਜਾਂ ਰੀਜਨ ਆਫ ਪੀਲ (Region of Peel) ਦੇ ਕਿਸੇ ਵੀ ਮੁੱਦਿਆਂ ਲਈ 24/7 ਉਪਲਬਧ ਹਾਂ। ਇਹਨਾਂ ਮੁੱਦਿਆਂ ਵਿੱਚ ਸ਼ਾਮਲ ਹਨ, ਪਾਰਕਿੰਗ, ਕੂੜਾ ਇਕੱਤਰੀਕਰਨ, ਰੇਕ੍ਰੀਏਸ਼ਨ ਪ੍ਰੋਗਰਾਮ ਆਦਿ।

**ਰਿਮੈਂਬਰੈਂਸ ਡੇ 2019 ਦੇ ਕਾਰਜਕਰਮ**

ਨਿਵਾਸੀਆਂ ਅਤੇ ਆਉਣ ਵਾਲਿਆਂ (ਵਿਜੀਟਰਸ) ਨੂੰ ਪੂਰੇ ਸ਼ਹਿਰ ਵਿੱਚ ਰਿਮੈਂਬਰੈਂਸ ਡੇ ਦੇ ਕਾਰਜਕਰਮਾਂ ਲਈ, ਸਿਟੀ ਆਫ ਬ੍ਰੈਂਪਟਨ (City of Brampton) ਅਤੇ ਰੋਇਲ ਕੈਨੇਡਿਅਨ ਲੀਜਨ (Royal Canadian Legion) ਦੀਆਂ ਬ੍ਰਾਂਚਾਂ 15 ਅਤੇ 609 ਵਿਖੇ ਆਉਣ ਲਈ ਸੱਦਾ ਦਿੱਤਾ ਜਾਂਦਾ ਹੈ।

**ਕੈਂਡਲਲਾਈਟ ਸਰਵਿਸ (Candlelight Service)**

ਐਤਵਾਰ, 3 ਨਵੰਬਰ | ਸ਼ਾਮ 7:30 ਵਜੇ

ਗੇਜ ਪਾਰਕ, ਵੈਟਰਨ ਸਟੈਚੂ

45 ਮੇਨ ਸਟ੍ਰੀਟ ਸਾਊਥ

(Gage Park, Veteran Statue
45 Main Street South)

**ਪਰੇਡ ਐਂਡ ਸਰਵਿਸ ਆਫ ਰਿਮੈਂਬਰੈਂਸ (Parade and Service of Remembrance)**

ਐਤਵਾਰ, 10 ਨਵੰਬਰ | ਸਵੇਰੇ 10:55 ਵਜੇ

ਚਿੰਗਕੂਜ਼ੀ ਪਾਰਕ, ਮੈਮੋਰੀਅਲ ਪਲਾਜ਼ਾ

9050 ਬ੍ਰੈਮਲੀ ਰੋਡ

(Chinguacousy Park, Memorial Plaza
9050 Bramalea Road)

**ਸਨਰਾਈਜ਼ ਸਰਵਿਸ (Sunrise Service)**

ਸੋਮਵਾਰ, 11 ਨਵੰਬਰ | ਸਵੇਰੇ 7:55 ਵਜੇ

ਮੀਡੋਵੇਲ ਸੇਮੇਟਰੀ ਚੈਪਲ,

7732 ਮੈਵਿਸ ਰੋਡ

(Meadowvale Cemetery Chapel,
7732 Mavis Road)

**ਪਰੇਡ ਐਂਡ ਸਰਵਿਸ ਆਫ ਰਿਮੈਂਬਰੈਂਸ (Parade and Service of Remembrance)**

ਸੋਮਵਾਰ, 11 ਨਵੰਬਰ | ਸਵੇਰੇ 10:55 ਵਜੇ

ਕੇਨ ਵ੍ਹਿਲੈਨਸ ਸਕਵੇਅਰ, ਸੇਨੋਟੈਫ

2 ਵੈਲਿੰਗਟਨ ਸਟ੍ਰੀਟ ਵੈਸਟ

(Ken Whillans Square, Cenotaph
2 Wellington Street West)

ਬ੍ਰੈਂਪਟਨ ਵਿੱਚ ਰਿਮੈਂਬਰੈਂਸ ਡੇ ਦੇ ਕਾਰਜਕਰਮਾਂ ਅਤੇ ਸੜਕ ਬੰਦ ਹੋਣ ਦੀ ਪੂਰੀ ਸੂਚੀ ਲਈ, ਇੱਥੇ ਕਲਿੱਕ ਕਰੋ (click here)।

BRAMPTON
Flower City
brampton.ca

Service and Information Update

## ਬ੍ਰੈਂਪਟਨ ਟ੍ਰਾਂਜ਼ਿਟ

ਬ੍ਰੈਂਪਟਨ ਟ੍ਰਾਂਜ਼ਿਟ ਰਿਮੈਂਬਰੈਂਸ ਡੇ ਲਈ ਹੇਠਾਂ ਦਿੱਤੀ ਸਮਾਂ-ਸੂਚੀ ਮੁਤਾਬਕ ਚੱਲੇਗਾ।

- ਸ਼ੁੱਕਰਵਾਰ, 8 ਨਵੰਬਰ: ਕਾਰਜ ਦਿਨ ਵਾਲੀ ਸੇਵਾ
- ਸ਼ਨੀਵਾਰ, 9 ਨਵੰਬਰ: ਸ਼ਨੀਵਾਰ ਵਾਲੀ ਸੇਵਾ
- ਐਤਵਾਰ, 10 ਨਵੰਬਰ: ਐਤਵਾਰ/ਛੁੱਟੀ ਵਾਲੀ ਸੇਵਾ
- ਸੋਮਵਾਰ, 11 ਨਵੰਬਰ (ਰਿਮੈਂਬਰੈਂਸ ਡੇ): ਕਾਰਜ ਦਿਨ ਵਾਲੀ ਸੇਵਾ

ਸਾਰੇ ਟਰਮੀਨਲਾਂ ਤੇ ਗਾਹਕ ਸੇਵਾ (Customer Service) ਕਾਉਂਟਰ ਖੁੱਲ੍ਹੇ ਰਹਿਣਗੇ। ਕਲਾਰਕ (Clark) ਅਤੇ ਸੈਂਡਲਵੁੱਡ (Sandalwood) ਫੈਸਿਲਿਟੀਜ, ਰਿਮੈਂਬਰੈਂਸ ਡੇ ਨੂੰ ਬੰਦ ਰਹਿਣਗੀਆਂ।

ਲੜਾਈ ਲੜਨ ਵਾਲੇ ਸਾਬਕਾ ਫੌਜੀ ਰਿਮੈਂਬਰੈਂਸ ਡੇ ਨੂੰ ਬ੍ਰੈਂਪਟਨ ਟ੍ਰਾਂਜ਼ਿਟ ਵਿੱਚ ਮੁਫ਼ਤ ਸਫਰ ਕਰਨਗੇ। ਸਾਬਕਾ ਫੌਜੀ ਨੂੰ ਬ੍ਰੈਂਪਟਨ ਦੇ "ਵਾਰ ਵੈਟਰਨ ਪਾਸ" ("War Veteran Pass") ਜਾਂ ਇਹਨਾਂ ਚੀਜ਼ਾਂ ਵਿੱਚੋਂ ਕੁਝ ਨੂੰ ਪੇਸ਼ ਕਰਨ ਤੇ ਪਛਾਣਿਆ ਜਾ ਸਕਦਾ ਹੈ: ਮੈਡਲ, ਟੋਪੀਆਂ, ਵਰਦੀ, ਬਲੇਜ਼ਰ, ਪਛਾਣ ਦੇ ਹੋਰ ਸਾਧਨ

ਰੂਟ ਅਤੇ ਕਾਰਜਕਰਮ ਬਾਰੇ ਜਾਣਕਾਰੀ ਲਈ, 905.874.2999 ਤੇ ਕਾਲ ਕਰੋ ਜਾਂ www.bramptontransit.com ਤੇ ਜਾਓ। ਰੀਅਲ-ਟਾਈਮ ਵਿੱਚ ਅਗਲੀ ਬਸ ਬਾਰੇ ਜਾਣਕਾਰੀ ਲਈ, ਕਿਸੇ ਸਮਾਰਟਫੋਨ ਜਾਂ ਕਿਸੇ ਹੋਰ ਮੋਬਾਈਲ ਡਿਵਾਈਸ ਦੇ ਰਾਹੀਂ nextride.brampton.ca ਤੇ ਜਾਓ। ਸਫਰ ਦੀ ਯੋਜਨਾ ਵਾਲੇ ਹੋਰ ਟੂਲਸ ਲਈ, www.triplinx.ca ਤੇ ਜਾਂ ਗੂਗਲ ਮੈਪਸ (Google Maps) ਤੇ ਜਾਓ।

## ਬ੍ਰੈਂਪਟਨ ਰੇਕ੍ਰੀਏਸ਼ਨ

ਜ਼ਿਆਦਾਤਰ ਰੇਕ੍ਰੀਏਸ਼ਨ ਫੈਸਿਲਿਟੀਜ ਰਿਮੈਂਬਰੈਂਸ ਡੇ ਨੂੰ ਖੁੱਲ੍ਹੀਆਂ ਰਹਿਣਗੀਆਂ। ਅੱਪਡੇਟ ਕੀਤੇ ਡ੍ਰੌਪ-ਇਨ ਪ੍ਰੋਗਰਾਮ ਦੀਆਂ ਸਮਾਂ ਸੂਚੀਆਂ ਅਤੇ ਸੰਚਾਲਨ ਦੇ ਸਮਿਆਂ ਲਈ, ਆਪਣੇ ਸਥਾਨਕ ਰੇਕ੍ਰੀਏਸ਼ਨ ਕੇਂਦਰ ਨੂੰ ਜਾਂ 311 ਤੇ ਫੋਨ ਕਰੋ ਜਾਂ www.brampton.ca/recreation ਤੇ ਜਾਓ। ਸਿਟੀ ਦਾ ਰੇਕ੍ਰੀਏਸ਼ਨ ਐਡਮਿਨਿਸਟ੍ਰੇਸ਼ਨ ਆਫਿਸ (Recreation Administration Office) ਰਿਮੈਂਬਰੈਂਸ ਡੇ ਨੂੰ ਬੰਦ ਰਹੇਗਾ।

## ਬ੍ਰੈਂਪਟਨ ਐਨੀਮਲ ਸਰਵਿਸਿਜ਼

ਬ੍ਰੈਂਪਟਨ ਐਨੀਮਲ ਸ਼ੈਲਟਰ ਰਿਮੈਂਬਰੈਂਸ ਡੇ ਨੂੰ ਬੰਦ ਰਹੇਗਾ। ਹੋਰ ਜਾਣਕਾਰੀ ਲਈ, 905.458.5800 ਜਾਂ 311 ਤੇ ਫੋਨ ਕਰੋ ਜਾਂ www.brampton.ca/animalservices ਤੇ ਜਾਓ।

## ਬ੍ਰੈਂਪਟਨ ਲਾਇਬ੍ਰੇਰੀ

ਬ੍ਰੈਂਪਟਨ ਲਾਇਬ੍ਰੇਰੀ ਦੀਆਂ ਸਾਰੀਆਂ ਬ੍ਰਾਂਚਾਂ ਰਿਮੈਂਬਰੈਂਸ ਡੇ ਨੂੰ ਬੰਦ ਰਹਿਣਗੀਆਂ।

ਆਪਣੀ ਬੁੱਕ ਕੀਤੀ ਕਿਸੇ ਕਿਤਾਬ ਆਦਿ ਨੂੰ ਕਿਸੇ ਵੀ ਬ੍ਰਾਂਚ ਤੋਂ ਲੈਣ ਅਤੇ ਵਾਪਸ ਦੇਣ ਲਈ ਔਨਲਾਈਨ ਰਾਖਵਾਂ ਕਰੋ। ਆਪਣੇ ਮੁਫ਼ਤ ਲਾਇਬ੍ਰੇਰੀ ਕਾਰਡ ਦੇ ਨਾਲ ਕਿਸੇ ਵੀ ਸਮੇਂ eBooks ਆਦਿ ਦਾ ਅਨੰਦ ਮਾਣੋ। ਹੋਰ ਜਾਣਕਾਰੀ ਲਈ, www.bramptonlibrary.com ਤੇ ਜਾਓ ਜਾਂ 905.793.4636 ਤੇ ਫੋਨ ਕਰੋ।

-30-

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਉਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਉਨਿਕੇਸ਼ਨ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca